# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2023/ 7608 **ਦਫਤਰੀ ਹੁਕਮ** ਮਿਤੀ- 21/03/2023

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਆਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬਸਾਈਟ ਤੇ ਵਿਗਿਆਪਨ ਨੰ: ਡੀ.ਪੀ.ਆਰ/ਪੀ.ਬੀ/19470 ਅਤੇ ਡੀ.ਪੀ.ਆਰ/ਐਨ.ਏ/12/13248/2022/19470 ਮਿਤੀ 14.12.2022 ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 10.01.2023 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਨਿਰਧਾਰਿਤ ਮਿਤੀ ਤੱਕ ਬਿਨੈਕਾਰਾਂ ਪਾਸੋਂ ਪ੍ਰਾਪਤ ਅਰਜੀਆਂ ਘੋਖਣ ਉਪਰੰਤ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਚੋਣ ਕਰਨ ਲਈ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਯੋਗ ਪਾਏ ਗਏ ਸੁਪਰ-ਸਪੈਸ਼ਲਟੀ/ਸਪੈਸ਼ਲਿਟੀ/ਕੈਟਾਗਰੀ ਵਿੱਚ ਇਸ ਸੰਸਥਾ ਵਿਖੇ ਬਤੌਰ ਸੀਨੀਅਰ ਰੈਜੀਡੈਂਟ ਸਲੈਕਸ਼ਨ ਇਸ ਦਫਤਰ ਦੇ ਦਫਤਰੀ ਹੁਕਮ ਨੰ:1(4022)ਈ1/2023/5479 ਮਿਤੀ: 27.02.2023 ਰਾਂਹੀ ਕੀਤੀ ਗਈ ਸੀ। ਇਨ੍ਹਾਂ ਹੁਕਮਾਂ ਵਿਰੁੱਧ ਨਿਸ਼ਚਿਤ ਮਿਤੀ ਉਪਰੰਤ ਵੱਖ ਵੱਖ ਵਿਭਾਗਾਂ ਵਿਚ ਜਿਹੜੇ ਵਿਭਾਗਾਂ ਵਿਚ ਚੁਣੇ ਗਏ ਉਮੀਦਵਾਰਾਂ ਵੱਲੋਂ ਬਤੌਰ ਸੀਨੀਅਰ ਰੈਜੀਡੈਂਟ ਆਪਣੀ ਹਾਜਰੀ ਰਿਪੋਰਟ ਨਹੀਂ ਦਿੱਤੀ ਗਈ ਹੈ, ਉਹਨਾਂ ਵਿਭਾਗਾਂ ਵਿਚ ਬਤੌਰ ਸੀਨੀਅਰ ਰੈਜੀਡੈਂਟ ਹਾਜਰੀ ਰਿਪੋਰਟ ਨਾ ਦੇਣ ਕਾਰਨ ਖਾਲੀ ਰਹਿ ਗਈਆਂ ਸੀਨੀਅਰ ਰੈਜੀਡੈਂਟ ਦੀਆਂ ਆਸਾਮੀਆਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਦਫਤਰੀ ਹੁਕਮ ਰਾਂਹੀ ਵੇਟਿੰਗ ਲਿਸਟ ਵਿਚੋਂ ਨਿਮਨ ਲਿਖਤ ਡਾਕਟਰਾਂ ਦੀ ਚੋਣ ਬਤੌਰ ਸੀਨੀਅਰ ਰੈਜੀਡੈਂਟ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕੀਤੀ ਜਾਂਦੀ ਹੈ:-

(1) ਚੁਣੇ ਗਏ ਉਮੀਦਵਾਰ ਇਹ ਹੁਕਮ ਇਸ ਸੰਸਥਾ ਦੀ ਵੈਬ ਸਾਈਟ (https://gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ 15 ਦਿਨਾਂ ਦਾ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ, ਕਿਉਕਿ ਚੁਣੇ ਗਏ ਉਮੀਦਵਾਰ ਵੱਲੋਂ ਨਿਸ਼ਚਿਤ ਸਮੇ (15 ਦਿਨ) ਦੇ ਵਿਚ ਵਿਚ ਬਤੌਰ ਸੀਨੀਅਰ ਰੈਜੀਡੈਂਟ ਹਾਜਰੀ ਰਿਪੋਰਟ ਨਾ ਦੇਣ ਤੇ ਵੇਟਿੰਗ ਲਿਸਟ ਵਿਚੋਂ ਅਗਲੇ ਉਮੀਦਵਾਰ ਦੀ ਚੋਣ ਕੀਤੀ ਜਾਣੀ ਹੈ।

(2) ਚੁਣੇ ਗਏ ਉਮੀਦਵਾਰਾਂ ਦੀ ਜਿਸ ਵਿਭਾਗ ਵਿਚ ਬਤੌਰ ਸੀਨੀਅਰ ਰੈਜੀਡੈਂਟ ਚੋਣ ਹੋ ਗਈ ਹੈ, ਇਹ ਚੋਣ ਅੰਤਿਮ ਹੋਵੇਗੀ।ਇਸ ਲਈ ਦੂਜੀ ਵੇਟਿੰਗ ਲਿਸਟ ਮੂਵ ਕਰਨ ਸਮੇ ਉਮੀਦਵਾਰ ਦੀ ਕਿਸੇ ਵੀ Choice ਤੇ ਵਿਚਾਰ ਨਹੀਂ ਕੀਤਾ ਜਾਵੇਗਾ।

(3) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ307ਏ/125/2021-6 ਐਚ.ਬੀ3/ 2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

**ORTHOPEDICS**

| S.No. | Name of Doctors | Father Name | PCMS, RMO, NHM, Fresh, Bonded | Category (1to 7) | Tenure of Senior Residents |
|---|---|---|---|---|---|
| 1 | Dr. Navroze Kapil | Sh. Hem Raj Kapil | Fresh | 7 | 3 |
| 2 | Dr. Tejpal Singh | Sh. Kuldeep Singh | Fresh | 7 | 3 |

**PAEDIATRICS**

| S.No. | Name of Doctors | Father Name | PCMS, RMO, NHM, Fresh, Bonded | Category (1to 7) | Tenure of Senior Residents |
|---|---|---|---|---|---|
| 1 | Dr. Nikita Beri | Surinder Kumar Beri | Fresh | 7 | 3 |

**TRANSFUSION MEDICINE**

| S.No. | Name of Doctors | Father Name | PCMS, RMO, NHM, Fresh, Bonded | Category (1to 7) | Tenure of Senior Residents |
|---|---|---|---|---|---|
| 1 | Dr. Vinay Guriaya | Sh. Vijay Kumar | Fresh | 7 | 3 |

ਉਪਰੋਕਤ ਅਨੁਸਾਰ ਸੀਨੀਅਰ ਰੈਜੀਡੈਂਸੀ ਲਈ ਸਲੈਕਟ ਹੋਏ ਉਮੀਦਵਾਰਾਂ ਦੀ ਬਤੌਰ ਸੀਨੀਅਰ ਰੈਜੀਡੈਂਟ ਹਾਜਰੀ ਰਿਪੋਰਟ ਉਮੀਦਵਾਰਾਂ ਵੱਲੋਂ ਪੇਸ਼ ਕੀਤੇ ਗਏ ਅਸਲ ਦਸਤਾਵੇਜਾਂ ਨੂੰ ਤਸਦੀਕ ਕਰਨ ਉਪਰੰਤ ਹੀ ਪ੍ਰਵਾਨ ਕੀਤੀ ਜਾਵੇਗੀ।

ਉਪਰੋਕਤ ਅਨੁਸਾਰ ਸਲੈਕਟ ਕੀਤੇ ਗਏ ਉਮੀਦਵਾਰਾਂ ਵਿਚੋਂ ਜੇਕਰ ਕਿਸੇ ਵੀ ਉਮੀਦਵਾਰ ਦੀ ਸਲੈਕਸ਼ਨ ਕਿਸੇ ਵੀ ਸਟੇਜ ਤੇ ਗਲਤ ਪਾਈ ਜਾਂਦੀ ਹੈ ਤਾਂ ਇਹਨਾਂ ਹੁਕਮਾਂ ਨੂੰ ਸੋਧ ਦਾ ਅਧਿਕਾਰ ਇਸ ਦਫਤਰ ਪਾਸ ਰਾਖਵਾਂ ਰਹੇਗਾ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਪਿੱ:ਅੰ:ਨੰ:1(4022)ਈ1/2022/ 7609-23 ਮਿਤੀ- 21/03/2023

1. ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
9. ਇਸ ਸੰਸਥਾ ਦੇ ਸਮੂਹ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ/ਯੂਨਿਟ ਇੰਚਾਰਜਾਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੌਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
10. ਬਤੌਰ ਸੀਨੀਅਰ ਰੈਜੀਡੈਂਟ ਚੁਣੇ ਗਏ ਉਮੀਦਵਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ